ਖ਼ੁਸ਼ੀ 'ਚ ਝੂਮ ਰਹੀ 5 ਸਾਲ ਦੀ ਬੱਚੀ ਨੂੰ ਮਿਲੀ ਦਰਦਨਾਕ ਮੌਤ

ਪਾਨੀਪਤ, 12 ਨਵੰਬਰ : ਹਰਿਆਣਾ ਦੇ ਪਾਨੀਪਤ 'ਚ ਤੇਜ਼ ਰਫ਼ਤਾਰ ਗੱਡੀ ਦਾ ਕਹਿਰ ਵੇਖਣ ਨੂੰ ਮਿਲਿਆ। ਇਥੇ ਇਕ ਤੇਜ਼ ਰਫ਼ਤਾਰ ਈਕੋ ਕਾਰ ਡਰਾਈਵਰ ਨੇ 5 ਸਾਲ ਦੀ ਮਾਸੂਮ ਨੂੰ ਕੁਚਲ ਦਿਤਾ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮਾਸੂਮ ਬੱਚੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿਤੀ ਹੈ।

ਜਾਣਕਾਰੀ ਮੁਤਾਬਕ ਪਾਨੀਪਤ 'ਚ 5 ਸਾਲ ਦੀ ਬੱਚੀ ਹਰਸ਼ਿਤਾ ਤੇਜ਼ ਰਫ਼ਤਾਰ ਕਾਰ ਦੀ ਸ਼ਿਕਾਰ ਹੋ ਗਈ। ਦਰਅਸਲ ਹਰਸ਼ਿਤਾ ਆਟੋ ਰਾਹੀਂ ਅਪਣੇ ਮਾਤਾ-ਪਿਤਾ ਨਾਲ ਮਾਮਾ ਦੇ ਘਰ ਜਾ ਰਹੀ ਸੀ। ਜਿਵੇਂ ਹੀ ਹਰਸ਼ਿਤਾ ਦੇ ਪਿਤਾ ਆਟੋ ਤੋਂ ਉਤਰ ਕੇ ਕਿਰਾਇਆ ਦੇਣ ਲੱਗੇ ਤਾਂ ਮਾਸੂਮ ਬੱਚੀ ਖ਼ੁਸ਼ੀ ਨਾਲ ਅਪਣੇ ਮਾਮਾ ਦੇ ਘਰ ਵਲ ਦੌੜੀ ਤਾਂ ਇਕ ਦਮ ਈਕੋ ਕਾਰ ਨੇ ਉਸ ਨੂੰ ਟੱਕਰ ਮਾਰ ਦਿਤੀ। ਇਕ ਦਮ ਹੋਏ ਹਾਦਸੇ ਦਾ ਉਨ੍ਹਾਂ ਨੂੰ ਵੀ ਕੁੱਝ ਪਤਾ ਨਹੀਂ ਲੱਗਾ। ਟੱਕਰ ਹੁੰਦੇ ਹੀ ਹਰਸ਼ਿਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਈਕੋ ਕਾਰ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ।

ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਨੇ ਮਾਸੂਮ ਬੱਚੀ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਪਰਵਾਰ ਨੂੰ ਸੌਂਪ ਦਿਤੀ ਹੈ ਅਤੇ ਅਣਪਛਾਤੇ ਕਾਰ ਡਰਾਈਵਰ ਵਿਰੁਧ ਮਾਮਲਾ ਦਰਜ ਕਰ ਕੇ ਭਾਲ ਸ਼ੁਰੂ ਕਰ ਦਿਤੀ ਹੈ। ਉਧਰ ਪਰਵਾਰ ਨੇ ਰੋਜ਼ਾਨਾ ਵਾਪਰ ਰਹੇ ਸੜਕ ਹਾਦਸਿਆਂ ਨੂੰ ਲੈ ਕੇ ਪ੍ਰਸ਼ਾਸਨ ਅਤੇ ਸਰਕਾਰ 'ਤੇ ਗੁੱਸਾ ਜ਼ਾਹਰ ਕੀਤਾ ਹੈ। (ਏਜੰਸੀ)

PSPCL ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ

ਰਜਿ: ਦਫਤਰ: ਪੀ.ਐਸ.ਈ.ਬੀ., ਮੁੱਖ ਦਫਤਰ ਦੀ ਮਾਲ ਪਟਿਆਲਾ -147001
ਕਾਰਪੋਰੇਟ ਆਈ ਡੀ ਨੰ: U40109PB2010SGC033813
ਵੈਬਸਾਈਟ www.pspcl.in

ਪਬਲਿਕ ਨੋਟਿਸ

ਸ੍ਰੀ ਗੁਰਪ੍ਰੀਤ ਸਿੰਘ ਓ.ਸੀ. (ਆਈ.ਡੀ. 311798) ਪੁੱਤਰ ਸ੍ਰੀ ਅਜੈਬ ਸਿੰਘ ਪਿੰਡ ਮੰਜਾਲੀ ਕਲਾਂ, ਤਹਿਸੀਲ, ਸਮਰਾਲਾ, ਜ਼ਿਲ੍ਹਾ ਲੁਧਿਆਣਾ ਜੋ ਕਿ ਪੀ.ਅਤੇ ਐਮ ਮੰਡਲ ਖੰਨਾ ਅਧੀਨ ਸਹਾਇਕ ਇੰਜੀਨੀਅਰ/ਟੀ.ਐਲ. ਗੋਬਿੰਦਗੜ੍ਹ ਵਿਖੇ ਕੰਮ ਕਰਦਾ ਸੀ, ਉਹ ਸਬੰਧਤ ਦਫਤਰ ਤੋਂ ਮਿਤੀ 7 ਮਾਰਚ 2020 ਤੋਂ ਗੈਰਹਾਜ਼ਰ ਹੈ। ਡਿਊਟੀ ਤੋਂ ਗੈਰਹਾਜ਼ਰ ਰਹਿਣ ਕਾਰਨ ਨਿਯਮ ਵੱਲੋਂ ਉਸਨੂੰ ਦੋਸ਼ ਸੂਚੀ ਨੰ 01/ਗ ਮਿਤੀ 29-5-2020 ਜਾਰੀ ਕੀਤੀ ਗਈ ਸੀ। ਜਿਸ ਦੀ ਪੜਤਾਲ ਕਰਨ ਲਈ ਪੜਤਾਲੀਆ ਅਫ਼ਸਰ ਵੱਲੋਂ ਉਸਨੂੰ ਪੜਤਾਲ ਵਿਚ ਸ਼ਾਮਲ ਹੋਣ ਲਈ ਪੱਤਰ ਨੰ 145, 167 ਅਤੇ 197 ਰਾਹੀਂ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ਸੀ। ਪਰੰਤੂ ਉਹ (ਸ੍ਰੀ ਗੁਰਪ੍ਰੀਤ ਸਿੰਘ) ਪੜਤਾਲ ਵਿਚ ਆਪਣਾ ਪੱਖ ਪੇਸ਼ ਕਰਨ ਲਈ ਪੇਸ਼ ਨਹੀਂ ਹੋਏ। ਇਸ ਲਈ ਪੜਤਾਲੀਆ ਅਫ਼ਸਰ ਸਮਝਦਾ ਹੈ ਕਿ ਉਸਨੂੰ ਪੜਤਾਲ ਵਿਚ ਸ਼ਾਮਲ ਕਰਨ ਲਈ ਪਬਲਿਕ ਨੋਟਿਸ ਜਾਰੀ ਕਰਨ ਤੋਂ ਬਿਨਾਂ ਕੋਈ ਹੋਰ ਵਸੀਲਾ ਨਹੀਂ ਰਹਿ ਜਾਂਦਾ। ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਇਸ ਪਬਲਿਕ ਨੋਟਿਸ ਦੇ ਛਪਣ ਦੇ 15 ਦਿਨਾਂ ਦੇ ਅੰਦਰ ਅੰਦਰ ਤੁਸੀਂ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਹੀਂ ਹੁੰਦੇ ਤਾਂ ਬਗੈਰ ਕੋਈ ਹੋਰ ਨੋਟਿਸ ਦਿੱਤੇ ਤੁਹਾਡੇ ਵਿਰੁੱਧ ਇਕ ਤਰਫ਼ਾ ਕਾਰਵਾਈ ਕਰਨ ਲਈ ਸਮਰਥ ਅਧਿਕਾਰੀ ਨੂੰ ਲਿਖ ਦਿੱਤਾ ਜਾਵੇਗਾ।

ਐਸ.ਐਸ.ਈ., ਸਰਹਿੰਦ ਕਮ ਪੜਤਾਲੀਆ ਅਫ਼ਸਰ
ਪੀ.ਐਸ.ਪੀ.ਸੀ.ਐਲ ਸਰਹੰਦ

C -347/2020 103745

ਦੀ ਸੈਕਟਰ 79 ਗਰੁੱਪ 2 ਸਹਿਕਾਰੀ ਮਕਾਨ ਉਸਾਰੀ ਸਭਾ ਲਿਮਟਿਡ ਮੋਹਾਲੀ (ਰਜਿਸਟਰ ਨੰ: 141 ਮਿਤੀ 1-7-14) ਸੈਕਟਰ 79, ਮੋਹਾਲੀ

ਚੋਣ ਸੂਚਨਾ

ਦੀ ਸੈਕਟਰ 79 ਗਰੁੱਪ 2 ਸਹਿਕਾਰੀ ਮਕਾਨ ਉਸਾਰੀ ਸਭਾ ਲਿਮਟਿਡ ਮੋਹਾਲੀ ਦੇ ਸਮੂਹ ਮੈਂਬਰ ਸਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ 28, 29 ਨਵੰਬਰ 2020 ਨੂੰ ਸਵੇਰੇ 9 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ। ਚੋਣ ਸਬੰਧੀ ਜਾਣਕਾਰੀ ਸਭਾ ਦੇ ਦਫਤਰ 1641 ਵਿੱਚ ਕਿਸੇ ਵੀ ਕੰਮ ਵਾਲੇ ਦਿਨ ਕੋਈਵੀ ਮੈਂਬਰ ਪ੍ਰਾਪਤ ਕਰ ਸਕਦਾ ਹੈ।

ਵੱਲੋਂ: ਮੈਨੇਜਰ ਸਭਾ, 8837882626

ਦਫਤਰ ਨਗਰ ਕੌਂਸਲ ਪਾਤੜਾਂ (ਪਟਿਆਲਾ)

ਨੰ: 876 ਮਿਤੀ 12-11-2020
ਈਮੇਲ : mcpatran68@gmail.com

ਪਬਲਿਕ ਨੋਟਿਸ

ਨਗਰ ਕੌਂਸਲ ਪਾਤੜਾਂ ਵੱਲੋਂ ਆਪਣੇ ਪੁਰਾਣੇ ਬਸ ਸਟੈਂਡ ਵਿਚ ਸਥਿਤ ਦੋ ਦੁਕਾਨਾਂ ਕਿਰਾਏ 'ਤੇ ਦਿੱਤੀਆਂ ਜਾਣੀਆਂ ਹਨ। ਦੁਕਾਨਾਂ ਕਿਰਾਏ 'ਤੇ ਦੇਣ ਲਈ ਨਗਰ ਕੌਂਸਲ ਦਫਤਰ ਵਿਖੇ ਮਿਤੀ 27-11-2020 ਨੂੰ ਦੁਪਹਿਰ 3 ਵਜੇ ਖੁੱਲ੍ਹੀ ਬੋਲੀ ਕੀਤੀ ਜਾਵੇਗੀ। ਚਾਹਵਾਨ ਵਿਅਕਤੀ ਸਮੇਂ ਅਨੁਸਾਰ ਦਫਤਰ ਨਗਰ ਕੌਂਸਲ ਪਾਤੜਾਂ ਵਿਖੇ ਪਹੁੰਚ ਕੇ ਬੋਲੀ ਦੇ ਸਕਦੇ ਹਨ। ਬੋਲੀ ਦੇਣ ਤੋਂ ਪਹਿਲਾਂ ਬੋਲੀਕਾਰ ਨੂੰ 50,000/- ਰੁਪਏ ਬਤੌਰ ਬਿਆਨਾ ਰਕਮ ਜਮਾਂ ਕਰਾਉਣੀ ਹੋਵੇਗੀ। ਬੋਲੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਕਿਸੇ ਵੀ ਕੰਮ ਕਾਰ ਵਾਲੇਂ ਦਨ ਦਫਤਰ ਵਿਖੇ ਵੇਖੀਆਂ ਜਾ ਸਕਦੀਆਂ ਹਨ। ਜੇਕਰ ਬੋਲੀ ਵਾਲੇ ਦਿਨ ਕਿਸੇ ਕਾਰਨ ਸਰਕਾਰੀ ਛੁੱਟੀ ਹੁੰਦੀ ਹੈ ਤਾਂ ਬੋਲੀ ਅਗਲੇ ਕੰਮ ਕਾਰ ਵਾਲੇ ਦਿਨ ਉਕਤ ਸਮੇਂ 'ਤੇ ਹੀ ਹੋਵੇਗੀ।

ਡਾ. ਪਾਲਿਕਾ ਅਰੋੜਾ, ਪੀਸੀਐਸ ਪ੍ਰਸ਼ਾਸਕ, ਨਗਰ ਕੌਂਸਲ ਪਾਤੜਾਂ
ਬਲਜਿੰਦਰ ਕੌਰ, ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਪਾਤੜਾਂ
103738

ਦਫਤਰ ਨਗਰ ਕੌਂਸਲ ਸਨੌਰ (ਪਟਿਆਲਾ)

ਈਮੇਲ : eomcsanour@gmail.com ਫੋਨ : 0175-2650233, 2651833

ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਵੱਛ ਭਾਰਤ ਮਿਸ਼ਨ ਤਹਿਤ ਨਗਰ ਕੌਂਸਲ ਸਨੌਰ ਵੱਲੋਂ ਆਪਣੇ ਪ੍ਰਸ਼ਾਸਕੀ ਹੁਕਮ ਨੰ 07 ਮਿਤੀ 6-11-2020 ਰਾਹੀਂ ਸ਼ਹਿਰ ਸਨੌਰ ਨੂੰ ਗਾਰਬੇਜ ਫਰੀ ਸਿਟੀ (FGC One Star)1 ਸਟਾਰ ਕੈਟਾਂਗਰੀ ਘੋਸ਼ਿਤ ਕਰਨ ਲਈ ਪ੍ਰਵਾਨ ਕੀਤਾ ਗਿਆ ਹੈ। ਇਸ ਸਬੰਧੀ ਜੇਕਰ ਕਿਸੇ ਵਿਅਕਤੀ ਵੱਲੋਂ ਕੋਈ ਇਤਰਾਜ ਜਾਂ ਸੁਝਾਅ ਹੋਵੇ ਤਾਂ ਇਸ ਪਬਲਿਕ ਨੋਟਿਸ ਦੀ ਪ੍ਰਕਾਸ਼ਨਾ ਤੋਂ 15 ਦਿਨਾਂ ਦੇ ਅੰਦਰ ਅੰਦਰ ਦਫਤਰ ਨਗਰ ਕੌਂਸਲ ਸਨੌਰ ਵਿਖੇ ਲਿਖਤੀ ਰੂਪ ਵਿਚ ਦਰਜ ਕਰਵਾ ਸਕਦਾ ਹੈ। ਨਿਸ਼ਚਿਤ ਸਮੇਂ ਤੋਂ ਬਾਅਦ ਕੋਈ ਵੀ ਇਤਰਾਜ/ਸੁਝਾਅ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਨਗਰ ਕੌਂਸਲ ਸਨੌਰ ਨੂੰ ਗਾਰਬੇਜ ਫਰੀ ਸਿਟੀ (FGC One Star) 1 ਸਟਾਰ ਘੋਸ਼ਿਤ ਕਰ ਦਿੱਤਾ ਜਾਵੇਗਾ।

ਕਾਰਜ ਸਾਧਕ ਅਫ਼ਸਰ
ਨਗਰ ਕੌਂਸਲ, ਸਨੌਰ
103627

ਸਟੇਟ ਬੈਂਕ ਆਫ਼ ਇੰਡੀਆ

ਬਰਾਂਚ : ਐਮਐਸਐਮ, ਹੁਸ਼ਿਆਰਪੁਰ

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਅਧਿਕਾਰਤ ਅਫ਼ਸਰ ਦੁਆਰਾ ਸਕਿਉਰਟੀਜ਼ੇਸ਼ਨ ਐਂਡ ਰੀਕੰਸ਼ਟਰਕਸ਼ਨ ਆਫ ਫ਼ਾਨਾਂਸ਼ੀਅਲ ਅਸੈਟਸ ਐਂਡ ਇੰਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 ਅਤੇ ਸਕਿਉਰਟੀ ਇੰਟਰਸਟ ਇੰਨਫੋਰਸਮੈਂਟ ਰੂਲਜ਼ 2002 ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਏ ਕਰਜ਼ਦਾਰ/ਗਰੰਟਰ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ/ਗਰੰਟਰ ਨੂੰ ਸਬੰਧਤ ਡਿਮਾਂਡ ਨੋਟਿਸ ਵਿਚ ਦਰਸਾਈ ਰਕਮ ਉਕਤ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ ਰਕਮ ਅਦਾ ਕਰਨ 'ਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦੇ ਅਧਿਕਾਰਤ ਅਫ਼ਸਰ ਨੇ ਉਕਤ ਰੂਲਜ਼ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਸਾਹਮਣੇ ਦਰਸਾਈ ਮਿਤੀ ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਗਰੰਟਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਕੋਈ ਸੌਦਾ ਨਾ ਕੀਤਾ ਜਾਵੇ। ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠਦਰਸਾਈ ਰਕਮ ਦੇ ਨਾਲ ਵਿਆਜ ਅਤੇ ਇਸ 'ਤੇ ਹੋਰ ਚਾਰਜਿਜ਼ ਦਾ ਸਟੇਟ ਬੈਂਕ ਆਫ਼ ਇੰਡੀਆ ਨੂੰ ਦੇਣਦਾਰ ਹੋਵੇਗਾ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਸਰਫਾਇਸੀ ਐਕਟ 2002 ਦੇ ਸੈਕਸ਼ਨ 13 ਦੇ ਸਬ ਸੈਕਸ਼ਨ 8 ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਐਨਪੀਏ ਖਾਤੇ ਦਾ ਨਾਂ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਸ੍ਰੀ ਭਰਤ ਇੰਦੂ ਸ਼ਰਮਾ ਪੁੱਤਰ ਸ੍ਰੀ ਕੁਲਭੂਸ਼ਨ ਸ਼ਰਮਾ ਵਾਸੀ ਮਕਾਨ ਨੰ. 22, ਨਿਊ ਬੈਂਕ ਕਾਲੋਨੀ, ਊਨਾ ਰੋਡ, ਹੁਸ਼ਿਆਰਪੁਰ	26-11-2019	12-11-2020	ਰੁ. 10,71,391/- +ਵਿਆਜ, ਹੋਰ ਚਾਰਜਿਜ਼ ਯਾਨੀਕਿ 26.11.2019 ਤੋਂ ਅਤੇ ਵਸੂਲੀ ਘਟਾ ਕੇ ਜੋ ਕੋਈ ਹੈ ਮਿਤੀ ਤੱਕ ਲਾਗੂ

ਅਚੱਲ ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਰਿਹਾਇਸ਼ੀ ਜਾਇਦਾਦ ਮਿਣਤੀ ਪਲਾਟ ਨੰ. 213, ਮਿਣਤੀ 107.60 ਵੱ.ਗਜ਼ ਜਿਸ ਦਾ ਖਸਰਾ ਨੰ. 5879/1995 (2-16), 5881-1996(4-16), 5880/3882(0-11), 5882/1997(1-15), 5884/2859(0-4) ਸਥਿਤ ਹੈ ਰਾਜੀਵ ਗਾਂਧੀ ਐਵੀਨਿਊ, ਰਹੀਮਪੁਰ ਰੋਡ, ਸੁਤੇਹੜੀ ਸਕੀਮ ਨੰ. 2, ਇੰਪਰੂਵਮੈਂਟ ਟਰੱਸਟ, ਹੁਸ਼ਿਆਪੁਰ ਵਿਖੇ ਨਾਂ ਹੈ ਸ੍ਰੀਮਤੀ ਸਪਨਾ ਸ਼ਰਮਾ ਪਤਨੀ ਸ੍ਰੀ ਭਰਤ ਇੰਦੂ ਸ਼ਰਮਾ ਦੇ ਅਤੇ ਜਾਇਦਾਦ ਦੀਆਂ ਹੱਦਾਂ ਇਸ ਤਰ੍ਹਾਂ : ਉਤਰ : ਪਲਾਟ ਨੰ. 212, ਦੱਖਣ : ਪਲਾਟ ਨੰ. 214, ਪੂਰਬ : ਸਰੂਪ ਸਿੰਘ ਦੀ ਜਾਇਦਾਦ, ਪੱਛਮ : ਗਲੀ

ਮਿਤੀ : 13.11.2020 ਸਥਾਨ : ਹੁਸ਼ਿਆਰਪੁਰ ਸਹੀ/-ਅਧਿਕਾਰਤ ਅਫ਼ਸਰ)

ਗਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਿਟੀ

ਜਨਤਕ ਸੂਚਨਾ

ਮਕਾਨ ਨੰਬਰ ਐਲ.ਆਈ.ਜੀ. 824, ਸੈਕਟਰ 32, ਚੰਡੀਗੜ੍ਹ ਰੋਡ, ਲੁਧਿਆਣਾ ਦੀ ਅਲਾਟਮੈਂਟ ਸ੍ਰੀਮਤੀ ਕਮਲੇਸ਼ ਰਾਣੀ ਪਤਨੀ ਸ੍ਰੀ ਸਤਪਾਲ ਗੁਪਤਾ ਵਾਸੀ ਮਕਾਨ ਨੰ. 365, ਛੋਟੀ ਘਾਸ ਮੰਡੀ, ਪਟਿਆਲਾ ਦੇ ਨਾਮ ਤੇ ਇਸ ਦਫਤਰ ਦੇ ਪੱਤਰ ਨੰ. 3026 ਮਿਤੀ 30.03.1996 ਰਾਹੀਂ ਕੀਤੀ ਗਈ ਸੀ। ਅਲਾਟੀ ਵਲੋਂ ਸਬ ਰਜਿਸਟਰਾਰ ਚੰਡੀਗੜ੍ਹ ਦੇ ਵਸੀਕਾ ਨੰ. 1749 ਮਿਤੀ 26.06.2000 ਰਾਹੀਂ ਸ੍ਰੀਮਤੀ ਜਸਬੀਰ ਕੌਰ ਪਤਨੀ ਸ੍ਰੀ ਜਸਵਿੰਦਰ ਸਿੰਘ ਵਾਸੀ 365, ਛੋਟੀ ਘਾਸ ਮੰਡੀ, ਪਟਿਆਲਾ ਨੂੰ ਮੁਖਤਿਆਰੇ ਆਮ ਮੁਕਰਰ ਕੀਤਾ ਹੈ। ਹੁਣ ਮੁਖਤਿਆਰੇ ਆਮ ਵਲੋਂ ਉਕਤ ਮਕਾਨ ਸ੍ਰੀ ਰਾਹੁਲ ਮਲਹੋਤਰਾ ਪੁੱਤਰ ਸ੍ਰੀ ਰਵਿੰਦਰ ਮਲਹੋਤਰਾ ਵਾਸੀ 973, ਨੇੜੇ ਰਾਮ ਪਿਆਰੀ ਮੰਦਿਰ, ਹਰਚਰਨ ਨਗਰ, ਲੁਧਿਆਣਾ ਨੂੰ ਵੇਚਣ ਲਈ ਇਸ ਦਫਤਰ ਵਿਖੇ ਦਸਤਾਵੇਜ ਪੇਸ਼ ਕੀਤੇ ਹਨ।

ਇਸ ਜਨਤਕ ਸੂਚਨਾ ਦੇ ਇਸ਼ਤਿਹਾਰ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮਕਾਨ ਦੀ ਐਨ.ਓ.ਸੀ. ਜਾਰੀ ਕਰਨ ਸਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਮਿਲਖ ਅਫ਼ਸਰ, ਗਲਾਡਾ, ਲੁਧਿਆਣਾ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਥੀ ਮਿਤੀ ਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਮਕਾਨ ਦੀ ਐਨ.ਓ.ਸੀ. ਸ੍ਰੀ ਰਾਹੁਲ ਮਲਹੋਤਰਾ ਪੁੱਤਰ ਸ੍ਰੀ ਰਵਿੰਦਰ ਮਲਹੋਤਰਾ ਦੇ ਨਾਮ ਤੇ ਜਾਰੀ ਕਰ ਦਿੱਤੀ ਜਾਵੇਗੀ।

ਮਿਲਖ ਅਫ਼ਸਰ,
ਗਲਾਡਾ, ਲੁਧਿਆਣਾ

ਪੰਜਾਬ ਨੈਸ਼ਨਲ ਬੈਂਕ

(ਭਾਰਤ ਸਰਕਾਰ ਦਾ ਇਕ ਅਦਾਰਾ)
ਸਰਕਲ ਸਾਸਤਰਾ ਸੈਂਟਰ, ਪਹਿਲੀ ਮੰਜਿਲ, ਪਲਾਟ ਨੰ. I-6, ਸੈਕਟਰ 5, ਪੰਚਕੂਲਾ
ਹਰਿਆਣਾ 134109, ਫੋਨ : 0172-5216502, ਈਮੇਲ : cs4537@pnb.co.in

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂਕਿ ਨਿਮਨਹਸਤਾਖ਼ੀ ਨੇ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਫ਼ਸਰ ਵਜੋਂ ਸਿਕਿਉਰਟਾਈਜੇਸ਼ਨ ਤੇ ਰੀਕਨਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਟੀ ਇੰਟਰਸਟ ਐਕਟ 2002 ਅਧੀਨ ਅਤੇ ਸਿਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਲਿਖੀਆਂ ਮਿਤੀਆਂ ਨੂੰ ਸਬੰਧਤ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਨੋਟਿਸਾਂ ਵਿਚ ਦਰਸਾਈ ਰਾਸ਼ੀ(ਆਂ) ਸਮੇਤ ਵਿਆਜ਼ ਅਤੇ ਹੋਰ ਖਰਚੇ ਦਾ ਭੁਗਤਾਨ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਕਹਿਆ ਗਿਆ।

ਇਹ ਕਰਜ਼ਦਾਰ(ਾਂ)/ਗਰੰਟਰ(ਾਂ) ਅਪਣੀ ਰਾਸ਼ੀ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਇਨ੍ਹਾਂ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧਿਕਾਰਤ ਅਫ਼ਸਰ ਨੇ ਉਪਰ ਦੱਸੇ ਐਕਟ ਦੀ ਸੈਕਸ਼ਨ 13(4), ਜਿਸ ਨੂੰ ਉਪਰੋਕਤ ਰੂਲਜ਼ ਦੇ ਨਿਯ